# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ – ਭੂਗੋਲਿਕ ਚੋਣ-ਖੇਤਰ

ਪ੍ਰ1: ਕੌਣ ਰਜਿਸਟਰ ਕਰ ਸਕਦਾ/ਸਕਦੀ ਹੈ?

ਪ੍ਰ2: ਮੈਨੂੰ ਰਜਿਸਟਰ ਕਿਉਂ ਕਰਨਾ ਚਾਹੀਦਾ ਹੈ?

ਪ੍ਰ3: ਮੈਂ ਇੱਕ ਚੋਣਕਾਰ ਵਜੋਂ ਰਜਿਸਟਰ ਕਿਵੇਂ ਕਰਾਂ?

ਪ੍ਰ4: ਜੇ ਮੈਂ ਕੋਈ ਰਜਿਸਟਰਡ ਚੋਣਕਾਰ ਹਾਂ, ਤਾਂ ਮੈਂ ਆਪਣੇ ਰਜਿਸਟ੍ਰੇਸ਼ਨ ਦੇ ਵੇਰਵਿਆਂ ਜਿਵੇਂ ਕਿ ਰਜਿਸਟ੍ਰਡ ਪਤਾ, ਨਾਮ, ਈਮੇਲ ਪਤਾ ਅਤੇ ਸੰਪਰਕ ਫ਼ੋਨ ਨੰਬਰ ਵਿੱਚ ਤਬਦੀਲੀ ਬਾਰੇ ਕਿਵੇਂ ਖ਼ਬਰ ਕਰਾਂ?

ਪ੍ਰ5: ਕੀ ਨਵੇਂ ਵੋਟਰ ਰਜਿਸਟ੍ਰੇਸ਼ਨ ਅਤੇ ਰਜਿਸਟ੍ਰੇਸ਼ਨ ਦੇ ਵੇਰਵਿਆਂ ਨੂੰ ਬਦਲਣ ਲਈ ਕੋਈ ਸਮਾਂ-ਸੀਮਾ ਹੈ?

ਪ੍ਰ6: ਕੀ ਮੈਨੂੰ ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ ਜਮ੍ਹਾਂ ਕਰਨ ਦੇ ਤੁਰੰਤ ਬਾਅਦ ਵੋਟ ਪਾਉਣ ਦਾ ਹੱਕ ਹੈ? / ਕੀ ਮੈਨੂੰ ਰਜਿਸਟ੍ਰਡ ਪਤੇ ਵਿੱਚ ਤਬਦੀਲੀ ਬਾਰੇ ਰਿਪੋਰਟ ਕਰਨ ਤੋਂ ਤੁਰੰਤ ਬਾਅਦ ਨਵੇਂ ਹਲਕੇ ਵਿੱਚ ਅਤੇ ਕਿਸੇ ਨਵੇਂ ਪੋਲਿੰਗ ਸਟੇਸ਼ਨ 'ਤੇ ਵੋਟ ਪਾਉਣ ਦਾ ਹੱਕ ਹੈ?

ਪ੍ਰ7: ਕੀ ਮੈਨੂੰ ਨਵੇਂ ਵੋਟਰ ਰਜਿਸਟ੍ਰੇਸ਼ਨ ਦੀ ਅਰਜ਼ੀ ਲਈ ਅਤੇ ਵੇਰਵਿਆਂ ਵਿੱਚ ਤਬਦੀਲੀ ਬਾਰੇ ਰਿਪੋਰਟ ਕਰਨ ਲਈ ਵੱਖ-ਵੱਖ ਫਾਰਮਾਂ ਦੀ ਵਰਤੋਂ ਕਰਨ ਦੀ ਲੋੜ ਹੈ?

ਪ੍ਰ8: ਮੈਂ ਕਈ ਸਾਲ ਪਹਿਲਾਂ ਇੱਕ ਅਰਜ਼ੀ ਫਾਰਮ ਭਰਿਆ ਹੈ। ਕੀ ਮੈਨੂੰ ਦੁਬਾਰਾ ਰਜਿਸਟ੍ਰੇਸ਼ਨ ਕਰਨਾ ਪਵੇਗਾ?

ਪ੍ਰ9: ਮੈਂ ਇਸ ਸਾਲ ਸਤੰਬਰ ਦੇ ਅੰਤ ਵਿੱਚ 18 ਸਾਲਾਂ ਦਾ ਹੋ ਜਾਂਦਾ ਹਾਂ ਪਰ ਰਜਿਸਟ੍ਰੇਸ਼ਨ ਦੀ ਅੰਤਿਮ ਮਿਤੀ 2 ਜੂਨ ਹੈ। ਕੀ ਮੈਂ ਹੁਣ ਇੱਕ ਚੋਣਕਾਰ ਵਜੋਂ ਰਜਿਸਟ੍ਰੇਸ਼ਨ ਕਰ ਸਕਦਾ/ਸਕਦੀ ਹਾਂ?

ਪ੍ਰ10: ਜਲਦ ਹੀ ਆਉਣ ਵਾਲੇ ਸਮੇਂ ਵਿੱਚ ਮੈਂ ਇੱਕ ਨਵੇਂ ਫਲੈਟ ਵਿੱਚ ਜਾਵਾਂਗਾ, ਕੀ ਮੈਨੂੰ ਆਪਣੇ ਨਵੇਂ ਘਰ ਦੇ ਪਤੇ ਦੀ ਰਿਪੋਰਟ ਹੁਣੇ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੂੰ ਕਰਨੀ ਚਾਹੀਦੀ ਹੈ?

ਪ੍ਰ11: ਕਿਸ ਕਿਸਮ ਦੇ ਦਸਤਾਵੇਜ਼ਾਂ ਨੂੰ ਪਤੇ ਦੇ ਸਬੂਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ?

ਪ੍ਰ12: ਜੇ ਮੈਂ ਪਤੇ ਦੇ ਸਬੂਤ ਵਜੋਂ ਆਪਣੇ ਨਾਮ ਅਤੇ ਰਿਹਾਇਸ਼ੀ ਪਤੇ ਵਾਲੇ ਦਸਤਾਵੇਜ਼ ਪ੍ਰਦਾਨ ਨਹੀਂ ਕਰ ਸਕਦਾ/ਸਕਦੀ, ਤਾਂ ਵੈਧ ਪਤਾ ਸਬੂਤ ਵਜੋਂ ਕੰਮ ਕਰਨ ਲਈ ਮੈਂ ਕਿਹੜੇ ਵਿਕਲਪਕ ਦਸਤਾਵੇਜ਼ ਜਮ੍ਹਾਂ ਕਰ ਸਕਦਾ/ਸਕਦੀ ਹਾਂ?

ਪ੍ਰ13: ਜੇਕਰ ਮੇਰਾ ਨਵਾਂ ਘਰ ਹਾਊਸਿੰਗ ਡਿਪਾਰਟਮੈਂਟ ਦੇ ਅਧੀਨ ਪਬਲਿਕ ਰੈਂਟਲ ਹਾਊਸਿੰਗ ਵਿੱਚ ਇੱਕ ਫਲੈਟ ਹੈ ਜਾਂ ਹਾਂਗਕਾਂਗ ਹਾਊਸਿੰਗ ਸੋਸਾਇਟੀ ਦੇ ਅਧੀਨ ਸਬਸਿਡੀ ਵਾਲੀ ਰਿਹਾਇਸ਼ ਹੈ, ਤਾਂ ਕੀ ਮੈਨੂੰ ਨਵੇਂ ਵੋਟਰ ਰਜਿਸਟ੍ਰੇਸ਼ਨ ਜਾਂ ਪਤਾ ਬਦਲਣ ਲਈ ਅਰਜ਼ੀ ਦੇਣ ਵੇਲੇ ਪਤੇ ਦੇ ਸਬੂਤ ਦੀ ਲੋੜ ਤੋਂ ਛੋਟ ਦਿੱਤੀ ਜਾ ਸਕਦੀ ਹੈ?

ਪ੍ਰ14: ਜੇਕਰ ਮੈਂ ਜਾਣਦਾ ਹਾਂ ਕਿ ਕੋਈ ਵੋਟਰ ਰਜਿਸਟ੍ਰੇਸ਼ਨ ਲਈ ਗਲਤ ਜਾਣਕਾਰੀ ਪ੍ਰਦਾਨ ਕਰਦਾ ਹੈ, ਤਾਂ ਮੈਂ ਸਰਕਾਰੀ ਵਿਭਾਗਾਂ ਨੂੰ ਕਿਵੇਂ ਸੂਚਿਤ ਕਰਾਂ?

ਪ੍ਰ15: ਜੇਕਰ ਕੋਈ ਵਿਅਕਤੀ ਵੋਟਰ ਰਜਿਸਟ੍ਰੇਸ਼ਨ ਲਈ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੂੰ ਇੱਕ ਝੂਠਾ ਰਿਹਾਇਸ਼ੀ ਪਤਾ ਪ੍ਰਦਾਨ ਕਰਦਾ ਹੈ, ਜਾਂ ਨਵੇਂ ਵੋਟਰ ਰਜਿਸਟ੍ਰੇਸ਼ਨ ਜਾਂ ਰਜਿਸਟਰਡ ਪਤੇ ਨੂੰ ਬਦਲਣ ਲਈ ਅਰਜ਼ੀ ਦੇਣ ਵੇਲੇ ਇੱਕ ਧੋਖਾਧੜੀ ਵਾਲਾ ਪਤੇ ਦਾ ਸਬੂਤ ਦਸਤਾਵੇਜ਼ ਪ੍ਰਦਾਨ ਕਰਦਾ ਹੈ, ਅਤੇ ਬਾਅਦ ਵਿੱਚ ਕਿਸੇ ਚੋਣ ਵਿੱਚ ਵੋਟ ਦਿੰਦਾ ਹੈ, ਤਾਂ ਉਹ ਕਿਹੜੇ ਨਿਯਮ ਦੀ ਉਲੰਘਣਾ ਕਰੇਗਾ ?

ਪ੍ਰ16: ਮੈਂ ਮੇਨਲੈਂਡ ਤੋਂ ਹੁਣੇ ਇੱਥੇ ਆਇਆ ਹਾਂ। ਕੀ ਮੈਂ ਇੱਕ ਚੋਣਕਾਰ ਦੇ ਤੌਰ 'ਤੇ ਰਜਿਸਟਰ ਕਰ ਸਕਦਾ/ਸਕਦੀ ਹਾਂ?

ਪ੍ਰ17: ਮੈਨੂੰ ਕਿਵੇਂ ਪਤਾ ਲੱਗੇਗਾ ਕਿ ਚੋਣਕਾਰਾਂ ਦੇ ਰਜਿਸਟਰ ਵਿੱਚ ਮੇਰੇ ਰਿਕਾਰਡ ਸਹੀ ਢੰਗ ਨਾਲ ਦਰਜ ਕੀਤੇ ਗਏ ਹਨ?

ਪ੍ਰ18: ਕੀ ਮੇਰੇ ਨਿੱਜੀ ਡੇਟਾ ਦੀ ਸੰਭਾਵਿਤ ਦੁਰਵਰਤੋਂ ਦੇ ਵਿਰੁੱਧ ਕੋਈ ਸੁਰੱਖਿਆ ਉਪਾਅ ਹਨ?

ਪ੍ਰ19: ਮੈਂ ਨਵੇਂ ਵੋਟਰ ਰਜਿਸਟ੍ਰੇਸ਼ਨ / ਰਜਿਸਟ੍ਰੇਸ਼ਨ ਵੇਰਵਿਆਂ ਵਿੱਚ ਤਬਦੀਲੀ ਲਈ ਇੱਕ ਬਿਨੈ-ਪੱਤਰ ਜਮ੍ਹਾ ਕੀਤਾ ਹੈ। ਮੈਨੂੰ ਕਿਵੇਂ ਪਤਾ ਲੱਗੇਗਾ ਕਿ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੇ ਮੇਰੀ ਅਰਜ਼ੀ 'ਤੇ ਕਾਰਵਾਈ ਕੀਤੀ ਹੈ?

ਪ੍ਰ20: ਜੇਕਰ ਮੇਰੇ ਕੋਲ ਵੋਟਰ ਰਜਿਸਟ੍ਰੇਸ਼ਨ ਬਾਰੇ ਹੋਰ ਸਵਾਲ ਹਨ ਤਾਂ ਮੈਨੂੰ ਮਦਦ ਲਈ ਕਿਸ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਪ੍ਰ1: ਕੌਣ ਰਜਿਸਟਰ ਕਰ ਸਕਦਾ/ਸਕਦੀ ਹੈ?

ਉੱ1: ਜੇਕਰ ਤੁਸੀਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਾਂਗਕਾਂਗ ਦੇ ਸਥਾਈ ਨਿਵਾਸੀ ਹੋ, ਅਤੇ ਆਮ ਤੌਰ 'ਤੇ ਹਾਂਗਕਾਂਗ ਵਿੱਚ ਰਹਿੰਦੇ ਹੋ, ਤਾਂ ਤੁਸੀਂ ਭੂਗੋਲਿਕ ਹਲਕੇ ਦੇ ਇੱਕ ਵੋਟਰ ਵਜੋਂ ਨਾਮ ਦਰਜ ਕਰਵਾਉਣ ਦੇ ਯੋਗ ਹੋ।

ਸਿਖਰ ਵੱਲ ਵਾਪਸ ਜਾਓ

ਪ੍ਰ2: ਮੈਨੂੰ ਰਜਿਸਟਰ ਕਿਉਂ ਕਰਨਾ ਚਾਹੀਦਾ ਹੈ?

ਉੱ2: ਤੁਸੀਂ ਇੱਕ ਚੋਣਕਾਰ ਦੇ ਤੌਰ 'ਤੇ ਰਜਿਸਟਰ ਕਰਨ ਦੇ ਬਾਅਦ ਹੀ ਵਿਧਾਨ ਪ੍ਰੀਸ਼ਦ ਅਤੇ ਜ਼ਿਲ੍ਹਾ ਪ੍ਰੀਸ਼ਦ ਵਿੱਚ ਵੋਟ ਦੇ ਆਪਣੇ ਹੱਕ ਦਾ ਇਸਤੇਮਾਲ ਕਰ ਸਕਦੇ ਹੋ। ਇਹ ਤੁਹਾਡਾ ਹੱਕ ਹੈ ਕਿ ਤੁਸੀਂ ਇਹਨਾਂ ਸੰਸਥਾਵਾਂ ਵਿੱਚ ਬੈਠਣ ਲਈ ਆਪਣੇ ਪ੍ਰਤਿਨਿਧੀ ਚੁਣੋ। ਜੇਕਰ ਮਤਦਾਨ ਸਮਿਤੀ ਸਬਸੈਕਟਰ ਚੋਣਾਂ ਵਿੱਚ ਵੋਟ ਦੇ ਯੋਗ ਹੋ, ਤਾਂ ਤੁਹਾਨੂੰ ਵੀ ਚੋਣਾਂ ਵਿੱਚ ਵੋਟ ਪਾਉਣ ਤੋਂ ਪਹਿਲਾਂ ਇੱਕ ਮਤਦਾਤਾ ਦੇ ਤੌਰ 'ਤੇ ਰਜਿਸਟਰ ਕਰਨ ਦੀ ਲੋੜ ਹੈ।

ਸਿਖਰ ਵੱਲ ਵਾਪਸ ਜਾਓ

ਪ੍ਰ3: ਮੈਂ ਇੱਕ ਚੋਣਕਾਰ ਵਜੋਂ ਰਜਿਸਟਰ ਕਿਵੇਂ ਕਰਾਂ?

ਉੱ3: ਜੇਕਰ ਤੁਸੀਂ ਇੱਕ ਰਜਿਸਟਰਡ ਚੋਣਕਾਰ ਨਹੀਂ ਹੋ ਅਤੇ ਤੁਸੀਂ ਇੱਕ ਭੂਗੋਲਿਕ ਚੋਣ-ਖੇਤਰ ਵਿੱਚ ਰਜਿਸਟਰਡ ਹੋਣਾ ਚਾਹੁੰਦੇ ਹੋ, ਤਾਂ ਤੁਹਾਨੂੰ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਨੂੰ ਭਰਨਾ ਚਾਹੀਦਾ ਹੈ।

ਨੋਟ: ਸਬੰਧਿਤ ਵਿਧਾਨਕ ਲੋੜਾਂ ਦੇ ਅਨੁਸਾਰ, ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀਆਂ ਨੂੰ ਪਤੇ ਦੇ ਸਬੂਤ ਦੇ ਨਾਲ ਦੇਣਾ ਹੈ। ਪਤੇ ਦੇ ਸਬੂਤ ਦੀਆਂ ਸਵੀਕਾਰਯੋਗ ਕਿਸਮਾਂ ਲਈ ਤੁਸੀਂ ਉੱ11 ਤੋਂ ਲੈ ਕੇ ਉੱ13 ਤੱਕ ਦਾ ਹਵਾਲਾ ਲੈ ਸਕਦੇ ਹੋ।

ਤੁਸੀਂ ਹੇਠਾਂ ਦਿੱਤੇ ਤਰੀਕਿਆਂ ਨਾਲ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਪ੍ਰਾਪਤ ਕਰ ਸਕਦੇ ਹੋ-

- ਇਸ ਵੈੱਬਸਾਈਟ ਤੋਂ ਡਾਊਨਲੋਡ ਕਰਕੇ;
- 2891 1001 ਹੌਟਲਾਈਨ 'ਤੇ ਕਾਲ ਕਰਕੇ ਫੈਕਸ ਦੁਆਰਾ; ਅਤੇ
- ਜ਼ਿਲ੍ਹਾ ਦਫ਼ਤਰਾਂ, ਪਬਲਿਕ ਹਾਊਸਿੰਗ ਅਸਟੇਟ ਦੇ ਪ੍ਰਬੰਧਨ ਦਫ਼ਤਰਾਂ ਅਤੇ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਵਿਖੇ।

ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਦੇ ਪਤੇ:

8/F Treasury Building
3 Tonkin Street West
Cheung Sha Wan
Kowloon

13/F Kowloonbay International Trade & Exhibition Centre
1 Trademart Drive
Kowloon Bay
Kowloon

ਅਰਜ਼ੀ ਫਾਰਮ ਨੂੰ ਭਰਨ ਅਤੇ ਦਸਤਖਤ ਕਰਨ ਤੋਂ ਬਾਅਦ, ਤੁਸੀਂ ਫਾਰਮ ਨੂੰ ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਪਤੇ ਦੇ ਸਬੂਤ ਦੇ ਨਾਲ, ਡਾਕ ਰਾਹੀਂ, ਫੈਕਸ (ਫੈਕਸ ਨੰਬਰ: 2891 1180) ਜਾਂ ਈਮੇਲ (ਈਮੇਲ ਪਤਾ: form@reo.gov.hk) ਦੁਆਰਾ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਵਿਚ ਜਮ੍ਹਾਂ ਕਰ ਸਕਦੇ ਹੋ, ਜਾਂ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਔਨਲਾਈਨ ਅੱਪਲੋਡ ਪਲੇਟਫਾਰਮ (www.reo-form.gov.hk) 'ਤੇ ਫਾਰਮ (ਅਤੇ ਪਤੇ ਦਾ ਸਬੂਤ ਜਿੱਥੇ ਲਾਗੂ ਹੋਵੇ) ਨੂੰ ਅੱਪਲੋਡ ਕਰ ਸਕਦੇ ਹੋ।

ਜੇਕਰ ਤੁਹਾਡੇ ਕੋਲ ਹਾਂਗਕਾਂਗ ਪੋਸਟ ਜਾਂ ਡਿਜੀ-ਸਾਈਨ ਸਰਟੀਫਿਕੇਸ਼ਨ ਸਰਵਿਸਿਜ਼ ਲਿਮਟਿਡ (ਕਿਰਪਾ ਕਰਕੇ ਵੇਰਵਿਆਂ ਲਈ ਇੱਥੇ ਕਲਿੱਕ ਕਰੋ), ਦੁਆਰਾ ਜਾਰੀ ਕੀਤਾ ਗਿਆ ਵੈਧ ਡਿਜੀਟਲ ਸਰਟੀਫਿਕੇਟ ਹੈ, ਤਾਂ ਤੁਸੀਂ GovHK 'ਤੇ ਮਤਦਾਤਾ ਰਜਿਸਟ੍ਰੇਸ਼ਨ ਅਰਜ਼ੀ ਰਾਹੀਂ ਔਨਲਾਈਨ ਵੀ ਅਰਜ਼ੀ ਦੇ ਸਕਦੇ ਹੋ।

ਜੇਕਰ ਤੁਸੀਂ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਇੱਕ ਮਤਦਾਤਾ ਰਜਿਸਟ੍ਰੇਸ਼ਨ ਅਰਜ਼ੀ ਫਾਰਮ ਜਮ੍ਹਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ "ਡਿਜੀਟਲ ਫਾਈਲਾਂ ਦੁਆਰਾ ਮਤਦਾਤਾ ਰਜਿਸਟ੍ਰੇਸ਼ਨ ਅਰਜ਼ੀ ਜਮ੍ਹਾ ਕਰਨ 'ਤੇ ਮਾਰਗ ਦਰਸ਼ਨ ਨੋਟ" ਵੱਲ ਧਿਆਨ ਦਿਓ।

ਇੱਕ ਕਾਰਜਸ਼ੀਲ ਚੋਣ ਖੇਤਰ ਦੇ ਚੋਣਕਾਰ ਅਤੇ ਇੱਕ ਚੋਣ ਕਮੇਟੀ ਦੇ ਉਪ-ਖੇਤਰ ਦੇ ਮਤਦਾਤਾ ਵਜੋਂ ਰਜਿਸਟ੍ਰੇਸ਼ਨ ਕਰਨ ਲਈ, ਕਿਰਪਾ ਕਰਕੇ ਏਥੇ ਕਲਿੱਕ ਕਰੋ।

ਸਿਖਰ ਵੱਲ ਵਾਪਸ ਜਾਓ

ਪ੍ਰ4: ਜੇ ਮੈਂ ਕੋਈ ਰਜਿਸਟਰਡ ਚੋਣਕਾਰ ਹਾਂ, ਤਾਂ ਮੈਂ ਆਪਣੇ ਰਜਿਸਟ੍ਰੇਸ਼ਨ ਦੇ ਵੇਰਵਿਆਂ ਜਿਵੇਂ ਕਿ ਰਜਿਸਟ੍ਰਡ ਪਤਾ, ਨਾਮ, ਈਮੇਲ ਪਤਾ ਅਤੇ ਸੰਪਰਕ ਫ਼ੋਨ ਨੰਬਰ ਵਿੱਚ ਤਬਦੀਲੀ ਬਾਰੇ ਕਿਵੇਂ ਖ਼ਬਰ ਕਰਾਂ?

ਉੱ4: ਜੇਕਰ ਤੁਸੀਂ ਇੱਕ ਰਜਿਸਟਰਡ ਚੋਣਕਾਰ ਹੋ ਅਤੇ ਰਜਿਸਟ੍ਰੇਸ਼ਨ ਵੇਰਵਿਆਂ ਵਿੱਚ ਤਬਦੀਲੀ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਅਰਜ਼ੀ ਫਾਰਮ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਨੂੰ ਪੂਰਾ ਕਰਨਾ ਹੋਵੇਗਾ।

ਨੋਟ: ਸਬੰਧਿਤ ਵਿਧਾਨਕ ਲੋੜਾਂ ਦੇ ਅਨੁਸਾਰ, ਰਜਿਸਟਰਡ ਪਤੇ ਨੂੰ ਬਦਲਣ ਲਈ ਅਰਜ਼ੀਆਂ ਨੂੰ ਪਤੇ ਦੇ ਸਬੂਤ ਨਾਲ ਸਮਰਥਿਤ ਕੀਤਾ ਜਾਣਾ ਚਾਹੀਦਾ ਹੈ। ਪਤੇ ਦੇ ਸਬੂਤਾਂ ਦੀਆਂ ਸਵੀਕਾਰਯੋਗ ਕਿਸਮਾਂ ਲਈ ਤੁਸੀਂ ਉੱ11 ਤੋਂ ਉੱ 13 ਦਾ ਹਵਾਲਾ ਲੈ ਸਕਦੇ ਹੋ।

ਤੁਸੀਂ ਹੇਠਾਂ ਦਿੱਤੇ ਤਰੀਕਿਆਂ ਨਾਲ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਪ੍ਰਾਪਤ ਕਰ ਸਕਦੇ ਹੋ-

- ਇਸ ਵੈੱਬਸਾਈਟ ਤੋਂ ਡਾਊਨਲੋਡ ਕਰਕੇ:
- 2891 1001 ਹੌਟਲਾਈਨ 'ਤੇ ਕਾਲ ਕਰਕੇ ਫੈਕਸ ਦੁਆਰਾ; ਅਤੇ
- ਜ਼ਿਲ੍ਹਾ ਦਫ਼ਤਰਾਂ, ਪਬਲਿਕ ਹਾਊਸਿੰਗ ਅਸਟੇਟ ਦੇ ਪ੍ਰਬੰਧਨ ਦਫ਼ਤਰਾਂ ਅਤੇ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਵਿਖੇ।

ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਦੇ ਪਤੇ:

8/F Treasury Building
3 Tonkin Street West
Cheung Sha Wan
Kowloon

13/F Kowloonbay International Trade & Exhibition Centre
1 Trademart Drive
Kowloon Bay
Kowloon

ਅਰਜ਼ੀ ਫਾਰਮ ਨੂੰ ਭਰਨ ਅਤੇ ਦਸਤਖਤ ਕਰਨ ਤੋਂ ਬਾਅਦ, ਤੁਸੀਂ ਫਾਰਮ ਨੂੰ ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਪਤੇ ਦੇ ਸਬੂਤ ਦੇ ਨਾਲ, ਡਾਕ ਰਾਹੀਂ, ਫੈਕਸ (ਫੈਕਸ ਨੰਬਰ: 2891 1180) ਜਾਂ ਈਮੇਲ (ਈਮੇਲ ਪਤਾ: form@reo.gov.hk) ਦੁਆਰਾ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਵਿਚ ਜਮ੍ਹਾਂ ਕਰ ਸਕਦੇ ਹੋ, ਜਾਂ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਔਨਲਾਈਨ ਅੱਪਲੋਡ ਪਲੇਟਫਾਰਮ (www.reo-form.gov.hk) 'ਤੇ ਫਾਰਮ (ਅਤੇ ਪਤੇ ਦਾ ਸਬੂਤ ਜਿੱਥੇ ਲਾਗੂ ਹੋਵੇ) ਨੂੰ ਅੱਪਲੋਡ ਕਰ ਸਕਦੇ ਹੋ।

ਜੇਕਰ ਤੁਹਾਡੇ ਕੋਲ ਹਾਂਗਕਾਂਗ ਪੋਸਟ ਜਾਂ ਡਿਜੀ-ਸਾਈਨ ਸਰਟੀਫਿਕੇਸ਼ਨ ਸਰਵਿਸਿਜ਼ ਲਿਮਟਿਡ (ਕਿਰਪਾ ਕਰਕੇ ਵੇਰਵਿਆਂ ਲਈ ਇੱਥੇ ਕਲਿੱਕ ਕਰੋ), ਦੁਆਰਾ ਜਾਰੀ ਕੀਤਾ ਗਿਆ ਵੈਧ ਡਿਜੀਟਲ ਸਰਟੀਫਿਕੇਟ ਹੈ, ਤਾਂ ਤੁਸੀਂ GovHK 'ਤੇ ਮਤਦਾਤਾ ਰਜਿਸਟ੍ਰੇਸ਼ਨ ਅਰਜ਼ੀ ਰਾਹੀਂ ਔਨਲਾਈਨ ਵੀ ਅਰਜ਼ੀ ਦੇ ਸਕਦੇ ਹੋ।

ਜੇਕਰ ਤੁਸੀਂ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਇੱਕ ਮਤਦਾਤਾ ਰਜਿਸਟ੍ਰੇਸ਼ਨ ਅਰਜ਼ੀ ਫਾਰਮ ਜਮ੍ਹਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ "ਡਿਜੀਟਲ ਫਾਈਲਾਂ ਦੁਆਰਾ ਮਤਦਾਤਾ ਰਜਿਸਟ੍ਰੇਸ਼ਨ ਅਰਜ਼ੀ ਜਮ੍ਹਾ ਕਰਨ 'ਤੇ ਮਾਰਗ ਦਰਸ਼ਨ ਨੋਟ" ਵੱਲ ਧਿਆਨ ਦਿਓ।

ਉਪਰੋਕਤ ਤੋਂ ਇਲਾਵਾ, ਜੇ ਤੁਸੀਂ ਇੱਕ ਰਜਿਸਟਰਡ ਚੋਣਕਾਰ ਹੋ ਅਤੇ ਤੁਸੀਂ ਉਮੀਦਵਾਰਾਂ ਤੋਂ ਚੋਣ ਪ੍ਰਚਾਰ ਗਤੀਵਿਧੀਆਂ ਨਾਲ ਸਬੰਧਿਤ ਚੋਣ ਮੇਲ ਪ੍ਰਾਪਤ ਕਰਨ ਨੂੰ ਸੁਵਿਧਾਜਨਕ ਬਣਾਉਣ ਲਈ ਆਪਣਾ ਈਮੇਲ ਪਤਾ ਪ੍ਰਦਾਨ ਕਰਨਾ/ਅੱਪਡੇਟ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸਾਡੀ ਵੈੱਬਸਾਈਟ (https://www.osp.reo.gov.hk/index_e.html) ਰਾਹੀਂ ਜਾਂ ਈਮੇਲ (ਈਮੇਲ ਪਤਾ: reoenq@reo.gov.hk) ਰਾਹੀਂ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੂੰ ਸਬੰਧਿਤ ਜਾਣਕਾਰੀ ਪ੍ਰਦਾਨ ਕਰ ਸਕਦੇ ਹੋ।

ਸਿਖਰ ਵੱਲ ਵਾਪਸ ਜਾਓ

ਪ੍ਰ5: ਕੀ ਨਵੇਂ ਵੋਟਰ ਰਜਿਸਟ੍ਰੇਸ਼ਨ ਅਤੇ ਰਜਿਸਟ੍ਰੇਸ਼ਨ ਦੇ ਵੇਰਵਿਆਂ ਨੂੰ ਬਦਲਣ ਲਈ ਕੋਈ ਸਮਾਂ-ਸੀਮਾ ਹੈ?

ਉੱ5: ਯੋਗ ਵਸਨੀਕ/ਰਜਿਸਟਰਡ ਚੋਣਕਾਰ ਸਾਲ ਦੇ ਕਿਸੇ ਵੀ ਸਮੇਂ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ

ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਜਮ੍ਹਾਂ ਕਰ ਸਕਦੇ ਹਨ। ਪਰ, ਜੇ ਉਹ ਚਾਹੁੰਦੇ ਹਨ ਕਿ ਉਹਨਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ/ਵੇਰਵਿਆਂ ਨੂੰ ਉਸੇ ਚੱਕਰ ਵਿੱਚ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਚੋਣਕਾਰਾਂ ਦੇ ਰਜਿਸਟਰ ਵਿੱਚ ਅੱਪਡੇਟ ਕੀਤਾ ਜਾਵੇ, ਤਾਂ ਉਹਨਾਂ ਨੂੰ ਹੇਠਾਂ ਸੂਚੀਬੱਧ ਕਨੂੰਨੀ ਸਮਾਂ-ਸੀਮਾਵਾਂ ਨੂੰ ਜਾਂ ਇਸ ਤੋਂ ਪਹਿਲਾਂ ਇਸ ਦਫਤਰ ਨੂੰ ਅਰਜ਼ੀ ਫਾਰਮ ਜਮ੍ਹਾਂ ਕਰਨੇ ਚਾਹੀਦੇ ਹਨ:

**ਨਵੇਂ ਵੋਟਰ ਰਜਿਸਟ੍ਰੇਸ਼ਨ: 2 ਜੂਨ**

**ਇੱਕ ਵੋਟਰ ਦੁਆਰਾ ਵੇਰਵਿਆਂ ਵਿੱਚ ਤਬਦੀਲੀ ਬਾਰੇ ਰਿਪੋਰਟ: 2 ਜੂਨ**

ਜੇ ਅਰਜ਼ੀ ਫਾਰਮ ਵਿਧਾਨਿਕ ਸਮਾਂ-ਸੀਮਾ ਤੋਂ ਬਾਅਦ ਜਮ੍ਹਾਂ ਕੀਤੇ ਜਾਂਦੇ ਹਨ, ਤਾਂ ਸਬੰਧਿਤ ਚੋਣਕਾਰਾਂ ਦੇ ਨਾਮ ਅਤੇ ਰਿਹਾਇਸ਼ੀ ਪਤੇ ਕੇਵਲ ਅਗਲੇ ਵੋਟਰ ਰਜਿਸਟ੍ਰੇਸ਼ਨ ਚੱਕਰ ਵਿੱਚ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਵੋਟਰਾਂ ਦੇ ਰਜਿਸਟਰ ਵਿੱਚ ਹੀ ਰਿਕਾਰਡ/ਅੱਪਡੇਟ ਕੀਤੇ ਜਾ ਸਕਦੇ ਹਨ।

ਸਿਖਰ ਵੱਲ ਵਾਪਸ ਜਾਓ

ਪ੍ਰ6: ਕੀ ਮੈਨੂੰ ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ ਜਮ੍ਹਾਂ ਕਰਨ ਦੇ ਤੁਰੰਤ ਬਾਅਦ ਵੋਟ ਪਾਉਣ ਦਾ ਹੱਕ ਹੈ? / ਕੀ ਮੈਨੂੰ ਰਜਿਸਟ੍ਰਡ ਪਤੇ ਵਿੱਚ ਤਬਦੀਲੀ ਬਾਰੇ ਰਿਪੋਰਟ ਕਰਨ ਤੋਂ ਤੁਰੰਤ ਬਾਅਦ ਨਵੇਂ ਹਲਕੇ ਵਿੱਚ ਅਤੇ ਕਿਸੇ ਨਵੇਂ ਪੋਲਿੰਗ ਸਟੇਸ਼ਨ 'ਤੇ ਵੋਟ ਪਾਉਣ ਦਾ ਹੱਕ ਹੈ?

ਉੱ6: ਸਬੰਧਿਤ ਚੋਣ ਨਿਯਮ ਦੇ ਅਨੁਸਾਰ, ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਵੋਟਰਾਂ ਦੇ ਮੌਜੂਦਾ ਅੰਤਿਮ ਰਜਿਸਟਰ ਵਿੱਚ ਦਰਜ ਜਾਣਕਾਰੀ ਦੇ ਅਨੁਸਾਰ ਚੋਣ ਖੇਤਰਾਂ ਅਤੇ ਪੋਲਿੰਗ ਸਟੇਸ਼ਨਾਂ ਦੀ ਨਿਯੁਕਤੀ ਕਰੇਗਾ, ਜਿਸ ਨੂੰ ਸਾਲ ਵਿੱਚ ਇੱਕ ਵਾਰ ਅੱਪਡੇਟ ਕੀਤਾ ਜਾਂਦਾ ਹੈ। ਜੇਕਰ ਅਗਲੇ ਅੰਤਿਮ ਰਜਿਸਟਰ ਦੇ ਪ੍ਰਕਾਸ਼ਨ ਤੋਂ ਪਹਿਲਾਂ ਕੋਈ ਜ਼ਿਲ੍ਹਾ ਪ੍ਰੀਸ਼ਦ ਜਾਂ ਵਿਧਾਨ ਪ੍ਰੀਸ਼ਦ ਦੀ ਉਪ-ਚੋਣ ਹੁੰਦੀ ਹੈ, ਤਾਂ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਪ੍ਰਚਲਿਤ ਅੰਤਿਮ ਰਜਿਸਟਰ ਦੀ ਜਾਣਕਾਰੀ ਅਨੁਸਾਰ ਚੋਣ ਖੇਤਰਾਂ ਅਤੇ ਪੋਲਿੰਗ ਸਟੇਸ਼ਨਾਂ ਦੀ ਨਿਯੁਕਤੀ ਕਰੇਗਾ।

ਸਿਖਰ ਵੱਲ ਵਾਪਸ ਜਾਓ

ਪ੍ਰ7: ਕੀ ਮੈਨੂੰ ਨਵੇਂ ਵੋਟਰ ਰਜਿਸਟ੍ਰੇਸ਼ਨ ਦੀ ਅਰਜ਼ੀ ਲਈ ਅਤੇ ਵੇਰਵਿਆਂ ਵਿੱਚ ਤਬਦੀਲੀ ਬਾਰੇ ਰਿਪੋਰਟ ਕਰਨ ਲਈ ਵੱਖ-ਵੱਖ ਫਾਰਮਾਂ ਦੀ ਵਰਤੋਂ ਕਰਨ ਦੀ ਲੋੜ ਹੈ?

ਉੱ7: ਜਨਤਾ ਦੇ ਮੈਂਬਰਾਂ ਨੂੰ ਕਿਸੇ ਭੂਗੋਲਿਕ ਹਲਕੇ ਵਿੱਚ ਇੱਕ ਚੋਣਕਾਰ ਵਜੋਂ ਨਵੇਂ ਰਜਿਸਟ੍ਰੇਸ਼ਨ ਅਤੇ ਉਸਦੇ/ਉਸਦੀ ਰਜਿਸਟ੍ਰੇਸ਼ਨ ਵਿੱਚ ਤਬਦੀਲੀ ਦੀ ਰਿਪੋਰਟ ਦੋਨਾਂ ਲਈ ਇੱਕ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਦੀ ਵਰਤੋਂ ਕਰਨੀ ਚਾਹੀਦੀ ਹੈ।

ਸਿਖਰ ਵੱਲ ਵਾਪਸ ਜਾਓ

ਪ੍8: ਮੈਂ ਕਈ ਸਾਲ ਪਹਿਲਾਂ ਇੱਕ ਅਰਜ਼ੀ ਫਾਰਮ ਭਰਿਆ ਹੈ। ਕੀ ਮੈਨੂੰ ਦੁਬਾਰਾ ਰਜਿਸਟ੍ਰੇਸ਼ਨ ਕਰਨਾ ਪਵੇਗਾ?

ਉੱ8: ਮੌਜੂਦਾ ਰਜਿਸਟਰ 'ਤੇ ਵੋਟਰਾਂ ਨੂੰ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ। ਤੁਸੀਂ ਔਨਲਾਈਨ ਵੋਟਰ ਜਾਣਕਾਰੀ ਪੁੱਛਗਿੱਛ ਪ੍ਣਾਲੀ (www.voterinfo.gov.hk) 'ਤੇ ਲੌਗਇਨ ਕਰ ਸਕਦੇ ਹੋ ਜਾਂ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਦੀ ਹੌਟਲਾਈਨ 2891 1001 'ਤੇ ਕਾਲ ਕਰ ਸਕਦੇ ਹੋ ਤਾਂ ਜੋ ਇਹ ਜਾਂਚ ਕੀਤੀ ਜਾ ਸਕੇ ਕਿ ਤੁਹਾਡੇ ਰਜਿਸਟ੍ਰੇਸ਼ਨ ਦੇ ਵੇਰਵੇ ਸਹੀ ਹਨ ਜਾਂ ਨਹੀਂ।

ਗਲਤ ਰਜਿਸਟ੍ਰੇਸ਼ਨ ਵੇਰਵਿਆਂ ਵਾਲੇ ਵੋਟਰਾਂ ਲਈ, ਉਨ੍ਹਾਂ ਦੀ ਰਜਿਸਟ੍ਰੇਸ਼ਨ ਦੀ ਸਥਿਤੀ ਅਤੇ ਵੋਟ ਪਾਉਣ ਦੀ ਯੋਗਤਾ ਪ੍ਰਭਾਵਿਤ ਹੋ ਸਕਦੀ ਹੈ। ਕਿਰਪਾ ਕਰਕੇ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਨੂੰ ਭਰੋ ਅਤੇ ਦਸਤਖਤ ਕੀਤੇ ਅਤੇ ਭਰੇ ਹੋਏ ਫਾਰਮ ਨੂੰ, ਪਿਛਲੇ ਤਿੰਨ ਮਹੀਨਿਆਂ ਅੰਦਰ ਜਾਰੀ ਕੀਤੇ ਇੱਕ ਪਤੇ ਦੇ ਸਬੂਤ ਦੇ ਨਾਲ, ਆਪਣੇ ਰਜਿਸਟ੍ਰੇਸ਼ਨ ਦੇ ਵੇਰਵਿਆਂ ਖਾਸ ਕਰਕੇ ਰਿਹਾਇਸ਼ੀ ਪਤੇ ਵਿੱਚ ਕਿਸੇ ਵੀ ਤਬਦੀਲੀ ਲਈ REO ਨੂੰ ਜਮ੍ਹਾ ਕਰੋ, ਤਾਂ ਜੋ REO ਤੁਹਾਡੇ ਰਿਕਾਰਡਾਂ ਨੂੰ ਅੱਪਡੇਟ ਕਰ ਸਕੇ।

ਸਿਖਰ ਵੱਲ ਵਾਪਸ ਜਾਓ

ਪ੍9: ਮੈਂ ਇਸ ਸਾਲ ਸਤੰਬਰ ਦੇ ਅੰਤ ਵਿੱਚ 18 ਸਾਲਾਂ ਦਾ ਹੋ ਜਾਂਦਾ ਹਾਂ ਪਰ ਰਜਿਸਟ੍ਰੇਸ਼ਨ ਦੀ ਅੰਤਿਮ ਮਿਤੀ 2 ਜੂਨ ਹੈ। ਕੀ ਮੈਂ ਹੁਣ ਇੱਕ ਚੋਣਕਾਰ ਵਜੋਂ ਰਜਿਸਟ੍ਰੇਸ਼ਨ ਕਰ ਸਕਦਾ/ਸਕਦੀ ਹਾਂ?

ਉੱ9: ਅੰਤਿਮ ਰਜਿਸਟਰ ਹਰ ਸਾਲ 25 ਸਤੰਬਰ ਨੂੰ ਜਾਂ ਇਸਤੋਂ ਪਹਿਲਾਂ ਪ੍ਰਕਾਸ਼ਤ ਕੀਤਾ ਜਾਂਦਾ ਹੈ। ਜੇ ਤੁਸੀਂ ਉਸ ਸਾਲ 25 ਸਤੰਬਰ ਨੂੰ ਜਾਂ ਇਸਤੋਂ ਪਹਿਲਾਂ 18 ਸਾਲਾਂ ਦੀ ਉਮਰ ਤੱਕ ਪਹੁੰਚ ਜਾਂਦੇ ਹੋ, ਅਤੇ ਜੇ ਤੁਸੀਂ ਹਾਂਗਕਾਂਗ ਦੇ ਸਥਾਈ ਵਸਨੀਕ ਹੋ, ਤਾਂ ਤੁਸੀਂ ਇੱਕ ਚੋਣਕਾਰ ਵਜੋਂ ਰਜਿਸਟ੍ਰੇਸ਼ਨ ਲਈ ਅਰਜ਼ੀ ਦੇਣ ਦੇ ਯੋਗ ਹੋ।

ਸਿਖਰ ਵੱਲ ਵਾਪਸ ਜਾਓ

ਪ੍10: ਜਲਦ ਹੀ ਆਉਣ ਵਾਲੇ ਸਮੇਂ ਵਿੱਚ ਮੈਂ ਇੱਕ ਨਵੇਂ ਫਲੈਟ ਵਿੱਚ ਜਾਵਾਂਗਾ, ਕੀ ਮੈਨੂੰ ਆਪਣੇ ਨਵੇਂ ਘਰ ਦੇ ਪਤੇ ਦੀ ਰਿਪੋਰਟ ਹੁਣੇ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੂੰ ਕਰਨੀ ਚਾਹੀਦੀ ਹੈ?

ਉੱ10: ਤੁਹਾਨੂੰ "ਭੂਗੋਲਿਕ ਚੋਣ ਖੇਤਰ ਵਿੱਚ ਨਵੇਂ ਰਜਿਸਟ੍ਰੇਸ਼ਨ ਲਈ ਅਰਜ਼ੀ/ਇੱਕ ਚੋਣਕਾਰ ਦੁਆਰਾ ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ" (REO-GC) ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਦਸਤਖਤ ਕੀਤੇ ਅਤੇ ਭਰੇ ਹੋਏ ਫਾਰਮ ਨੂੰ, ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਇੱਕ ਪਤੇ ਦੇ ਸਬੂਤ ਦੇ ਨਾਲ, ਤੁਹਾਡੇ ਘਰ ਜਾਣ ਤੋਂ ਬਾਅਦ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੂੰ ਜਮ੍ਹਾ ਕਰਨਾ ਚਾਹੀਦਾ ਹੈ। ਜੇ ਤੁਸੀਂ ਉਸ ਵੋਟਰ ਰਜਿਸਟ੍ਰੇਸ਼ਨ ਚੱਕਰ ਦੇ ਰਜਿਸਟ੍ਰੇਸ਼ਨ ਵੇਰਵਿਆਂ ਵਿੱਚ ਤਬਦੀਲੀ ਬਾਰੇ ਰਿਪੋਰਟ ਲਈ ਕਨੂੰਨੀ ਸਮਾਂ-ਸੀਮਾ ਵਿੱਚ ਜਾਂ ਇਸ ਤੋਂ ਪਹਿਲਾਂ (ਜਿਵੇਂ ਕਿ ਸਾਲ ਦੇ 2 ਜੂਨ ਨੂੰ ਜਾਂ ਇਸ ਤੋਂ ਪਹਿਲਾਂ) ਰਜਿਸਟਰਡ ਪਤੇ ਵਿੱਚ ਤਬਦੀਲੀ ਲਈ ਕੋਈ ਅਰਜੀ ਜਮ੍ਹਾਂ ਕਰਦੇ ਹੋ, ਤਾਂ ਤੁਹਾਡਾ ਨਵਾਂ ਪਤਾ ਉਸ ਸਾਲ ਵਿੱਚ ਪ੍ਰਕਾਸ਼ਿਤ ਵੋਟਰਾਂ ਲਈ ਅੰਤਿਮ ਰਜਿਸਟਰ

ਵਿੱਚ ਦਰਸਾਇਆ ਜਾਵੇਗਾ।

ਸਿਖਰ ਵੱਲ ਵਾਪਸ ਜਾਓ

ਪ੍ਰ11: ਕਿਸ ਕਿਸਮ ਦੇ ਦਸਤਾਵੇਜ਼ਾਂ ਨੂੰ ਪਤੇ ਦੇ ਸਬੂਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ?

ਉੱ11: ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਗਏ ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ ਸਵੀਕਾਰ ਕਰਦਾ ਹੈ (ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੂੰ ਪ੍ਰਾਪਤ ਹੋਣ ਦੀ ਮਿਤੀ ਨੂੰ ਫਾਰਮ ਜਮ੍ਹਾਂ ਕਰਨ ਦੀ ਮਿਤੀ ਵਜੋਂ ਮੰਨਿਆ ਜਾਵੇਗਾ), ਜਿਸ ਵਿੱਚ ਪਤੇ ਦੇ ਵੈਧ ਸਬੂਤ ਵਜੋਂ ਜਾਰੀ ਕਰਨ ਦੀ ਮਿਤੀ ਅਤੇ ਜਾਰੀ ਕਰਨ ਵਾਲੀ ਸੰਸਥਾ ਦਾ ਨਾਮ ਲਿਖਿਆ ਹੋਵੇ। ਸਬੰਧਿਤ ਦਸਤਾਵੇਜ਼ਾਂ 'ਤੇ ਚੋਣਕਾਰ ਦਾ ਨਾਮ ਅਤੇ ਮੁੱਖ ਰਿਹਾਇਸ਼ੀ ਪਤਾ ਵੀ ਹੋਣਾ ਚਾਹੀਦਾ ਹੈ (ਦਸਤਾਵੇਜ਼ 'ਤੇ ਪ੍ਰਿੰਟ ਕੀਤਾ ਨਾਮ ਅਤੇ ਪਤਾ ਅਰਜ਼ੀ ਫਾਰਮ ਵਿੱਚ ਦਿੱਤਾ ਗਿਆ ਪਤਾ ਇੱਕ ਸਮਾਨ ਹੋਣਾ ਚਾਹੀਦਾ ਹੈ):

1. ਜਨਤਕ ਸੰਸਥਾਵਾਂ ਦੁਆਰਾ ਜਾਰੀ ਕੀਤੇ ਬਿੱਲ ਜਾਂ ਚਲਾਨ (ਇਨਵੌਇਸ) (ਉਦਾਹਰਨ ਲਈ ਪਾਣੀ, ਬਿਜਲੀ ਜਾਂ ਟਾਊਨ ਗੈਸ ਸੇਵਾਵਾਂ ਲਈ ਉਪਯੋਗਤਾ ਬਿੱਲ);
2. ਸਰਕਾਰੀ ਵਿਭਾਗਾਂ ਜਾਂ ਨਿਆਂ ਵਿਭਾਗ ਤੋਂ ਪੱਤਰ-ਵਿਹਾਰ ;
3. ਬੈਂਕਾਂ, ਬੀਮਾ ਕੰਪਨੀਆਂ ਜਾਂ ਲਾਜ਼ਮੀ ਪ੍ਰੋਵੀਡੈਂਟ ਫੰਡ ਪ੍ਰਵਾਨਿਤ ਟਰੱਸਟੀਆਂ ਦੁਆਰਾ ਜਾਰੀ ਕੀਤੀਆਂ ਸਟੇਟਮੈਂਟਾਂ ਜਾਂ ਪੱਤਰ-ਵਿਹਾਰ;
4. ਲੈਂਡਲਾਈਨ ਟੈਲੀਫੋਨ, ਮੋਬਾਈਲ ਫੋਨ, ਭੁਗਤਾਨ ਕੀਤੇ ਟੈਲੀਵਿਜ਼ਨ ਜਾਂ ਇੰਟਰਨੈਟ ਸੇਵਾਵਾਂ ਦੇ ਬਿੱਲ;
5. ਸਥਾਨਕ ਪੋਸਟ-ਸੈਕੰਡਰੀ ਸੰਸਥਾਵਾਂ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼ ਜਾਂ ਬਿੱਲ ਜਿਸ 'ਤੇ ਵੋਟਰ ਦੇ ਰਿਹਾਇਸ਼ੀ ਪਤੇ ਦੀ ਪੁਸ਼ਟੀ 'ਤੇ ਭਰੋਸਾ ਕੀਤਾ ਜਾ ਸਕੇ;
6. ਵੈਧ ਅਤੇ "ਮੋਹਰ ਲੱਗੀ" (ਸਟੈਂਪ ਡਿਊਟੀ ਲਈ) ਕਿਰਾਏਦਾਰੀ ਇਕਰਾਰਨਾਮਾ (ਬਿਨੈ-ਪੱਤਰ ਸਪੁਰਦ ਕਰਨ ਦੀ ਤਾਰੀਖ ਤੋਂ ਪਹਿਲਾਂ 3 ਮਹੀਨਿਆਂ ਦੇ ਅੰਦਰ ਜਾਰੀ ਕੀਤੇ ਜਾਣ ਦਾ ਮਾਪਦੰਡ ਲਾਜ਼ਮੀ ਨਹੀਂ ਹੈ ਪਰ ਅਜਿਹੀ ਕਿਰਾਏਦਾਰੀ ਨੂੰ ਅਰਜ਼ੀ ਦੀ ਤਾਰੀਖ ਨੂੰ ਕਵਰ ਕਰਨਾ ਚਾਹੀਦਾ ਹੈ); ਜਾਂ
7. ਜਨਤਕ ਸੰਸਥਾਵਾਂ ਜਿਵੇਂ ਕਿ ਹਸਪਤਾਲ ਅਥਾਰਟੀ, ਹਾਊਸਿੰਗ ਡਿਪਾਰਟਮੈਂਟ, ਹਾਂਗਕਾਂਗ ਹਾਊਸਿੰਗ ਸੋਸਾਇਟੀ, ਹਾਂਗਕਾਂਗ ਐਗਜ਼ਾਮੀਨੇਸ਼ਨ ਐਂਡ ਇਵੈਲੂਏਸ਼ਨ ਅਥਾਰਟੀ, ਆਦਿ ਦੁਆਰਾ ਜਾਰੀ ਕੀਤੇ ਬਿੱਲ, ਪੱਤਰ-ਵਿਹਾਰ ਜਾਂ ਹੋਰ ਦਸਤਾਵੇਜ਼।

ਸਿਖਰ ਵੱਲ ਵਾਪਸ ਜਾਓ

ਪ੍ਰ12: ਜੇ ਮੈਂ ਪਤੇ ਦੇ ਸਬੂਤ ਵਜੋਂ ਆਪਣੇ ਨਾਮ ਅਤੇ ਰਿਹਾਇਸ਼ੀ ਪਤੇ ਵਾਲੇ ਦਸਤਾਵੇਜ਼ ਪ੍ਰਦਾਨ ਨਹੀਂ ਕਰ ਸਕਦਾ/ਸਕਦੀ, ਤਾਂ ਵੈਧ ਪਤਾ ਸਬੂਤ ਵਜੋਂ ਕੰਮ ਕਰਨ ਲਈ ਮੈਂ ਕਿਹੜੇ ਵਿਕਲਪਕ ਦਸਤਾਵੇਜ਼ ਜਮ੍ਹਾਂ ਕਰ ਸਕਦਾ/ ਸਕਦੀ ਹਾਂ?

ਉੱ12: ਚੋਣਕਾਰ ਦੇ ਆਪਣੇ ਪਤੇ ਦੇ ਸਬੂਤ ਤੋਂ ਇਲਾਵਾ, ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਗਏ ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ ਵੀ ਸਵੀਕਾਰ ਕਰਦੇ ਹਨ (ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੂੰ ਪ੍ਰਾਪਤ ਹੋਣ ਦੀ ਮਿਤੀ ਨੂੰ ਫਾਰਮ ਜਮ੍ਹਾਂ ਕਰਨ ਦੀ ਮਿਤੀ ਵਜੋਂ ਮੰਨਿਆ ਜਾਵੇਗਾ), ਜਿਸ ਵਿੱਚ ਜਾਰੀ ਕਰਨ ਦੀ ਮਿਤੀ ਅਤੇ ਪਤੇ ਦੇ ਵੈਧ ਸਬੂਤ ਵਜੋਂ ਜਾਰੀ ਕਰਨ ਵਾਲੀ ਸੰਸਥਾ ਦਾ ਨਾਮ ਲਿਖਿਆ ਹੋਵੇ:

- ਇੱਕ ਪਤੇ ਦਾ ਸਬੂਤ ਜਿਸ 'ਤੇ ਚੋਣਕਾਰ ਨਾਲ ਰਹਿ ਰਹੇ ਵਿਅਕਤੀ ਦਾ ਨਾਮ ਅਤੇ ਰਿਹਾਇਸ਼ੀ ਪਤਾ ਹੁੰਦਾ ਹੈ, ਅਤੇ ਇਹ ਪੁਸ਼ਟੀ ਕਰਨ ਲਈ ਚੋਣਕਾਰ ਦੁਆਰਾ ਦਸਤਖਤ ਕੀਤੀ ਘੋਸ਼ਣਾ ਕਿ ਅਜਿਹਾ ਹੋਰ ਵਿਅਕਤੀ ਉੱਪਰ ਦਿੱਤੇ ਪਤੇ 'ਤੇ ਚੋਣਕਾਰ ਦੇ ਨਾਲ ਰਹਿ ਰਿਹਾ ਹੈ ਅਤੇ ਇਹ ਕਿ ਨਾਲ ਨੱਥੀ ਕੀਤਾ ਪਤਾ ਸਬੂਤ ਇੱਕ ਸੰਪੂਰਨ ਪ੍ਰਮਾਣਿਕ ਕਾਪੀ ਜਾਂ ਮੂਲ ਦੀ ਸੱਚੀ ਨਕਲ ਹੈ। ਘੋਸ਼ਣਾ ਪੱਤਰ ਦਾ ਨਮੂਨਾ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ (https://www.reo.gov.hk/en/voter/ap.htm) ਦੀ ਵੈਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

- ਜੇ ਚੋਣਕਾਰ ਉੱਪਰ ਸੂਚੀਬੱਧ ਕਿਸੇ ਵੀ ਦਸਤਾਵੇਜ਼ਾਂ ਨੂੰ ਪੇਸ਼ ਕਰਨ ਦੇ ਯੋਗ ਨਹੀਂ ਹੈ, ਤਾਂ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਸਹੁੰ ਅਤੇ ਘੋਸ਼ਣਾ ਆਰਡੀਨੈਂਸ (ਕੈਪ.11) ਦੇ ਆਧਾਰ 'ਤੇ ਪਤੇ 'ਤੇ ਰਹਿਣ ਦੇ ਦਾਅਵੇ ਨੂੰ ਸਾਬਤ ਕਰਨ ਲਈ ਕਮਿਸ਼ਨਰ ਫਾਰ ਓਥ (ਸਹੁੰ ਲਈ ਕਮਿਸ਼ਨਰ)/ਪ੍ਰੈਕਟਿਸਿੰਗ ਸਾਲਿਸਟਰ (ਇੱਕ ਅਭਿਆਸ ਕਰਨ ਵਾਲੇ ਕਾਨੂੰਨੀ ਸਲਾਹਕਾਰ)/ਜਸਟਿਸ ਆਫ਼ ਦਾ ਪੀਸ (ਸ਼ਾਂਤੀ ਦੇ ਜੱਜ) ਦੇ ਸਾਹਮਣੇ ਚੋਣਕਾਰ ਦੁਆਰਾ ਪ੍ਰਦਾਨ ਕੀਤੀ ਇੱਕ ਵਿਧਾਨਕ ਘੋਸ਼ਣਾ ਨੂੰ ਸਵੀਕਾਰ ਕਰਦਾ ਹੈ। ਵਿਧਾਨਿਕ ਘੋਸ਼ਣਾਵਾਂ ਕਰਨ ਲਈ ਮੁਫਤ ਸੇਵਾ ਜ਼ਿਲ੍ਹਾ ਦਫਤਰਾਂ ਵਿੱਚ ਉਪਲਬਧ ਹੈ। ਵਿਧਾਨਕ ਘੋਸ਼ਣਾਵਾਂ ਦੇ ਨਮੂਨੇ ਨੂੰ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ (https://www.reo.gov.hk/en/voter/ap.htm) ਦੀ ਵੈੱਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਸਿਖਰ ਵੱਲ ਵਾਪਸ ਜਾਓ

ਪ੍ਰ13: ਜੇਕਰ ਮੇਰਾ ਨਵਾਂ ਘਰ ਹਾਊਸਿੰਗ ਡਿਪਾਰਟਮੈਂਟ ਦੇ ਅਧੀਨ ਜਨਤਕ ਕਿਰਾਏ ਦੇ ਮਕਾਨਾਂ ਵਿੱਚ ਇੱਕ ਫਲੈਟ ਹੈ ਜਾਂ ਹਾਂਗਕਾਂਗ ਹਾਊਸਿੰਗ ਸੋਸਾਇਟੀ ਦੇ ਅਧੀਨ ਸਬਸਿਡੀ ਵਾਲੀ ਰਿਹਾਇਸ਼ ਹੈ, ਤਾਂ ਕੀ ਮੈਨੂੰ ਨਵੇਂ ਵੋਟਰ ਰਜਿਸਟ੍ਰੇਸ਼ਨ ਜਾਂ ਪਤਾ ਬਦਲਣ ਲਈ ਅਰਜ਼ੀ ਦੇਣ ਵੇਲੇ ਪਤੇ ਦੇ ਸਬੂਤ ਦੀ ਲੋੜ ਤੋਂ ਛੋਟ ਦਿੱਤੀ ਜਾ ਸਕਦੀ ਹੈ?

ਉੱ13: ਉਹ ਵੋਟਰ/ਬਿਨੈਕਾਰ ਜੋ ਹਾਊਸਿੰਗ ਵਿਭਾਗ ਦੇ ਅਧੀਨ ਜਨਤਕ ਕਿਰਾਏ ਦੇ ਮਕਾਨਾਂ ਵਿੱਚ ਅਧਿਕਾਰਿਤ ਕਿਰਾਏਦਾਰ ਜਾਂ ਹਾਂਗਕਾਂਗ ਹਾਊਸਿੰਗ ਸੋਸਾਇਟੀ ਦੇ ਤਹਿਤ ਸਬਸਿਡੀ ਵਾਲੇ ਮਕਾਨਾਂ ਦੀ ਕਿਰਾਏਦਾਰੀ ਦੇ ਰਜਿਸਟਰਡ ਵਸਨੀਕ ਰਜਿਸਟਰਡ ਪਤੇ/ਵੋਟਰ ਰਜਿਸਟ੍ਰੇਸ਼ਨ ਨੂੰ ਬਦਲਣ ਲਈ ਅਰਜ਼ੀ ਦੇ ਰਹੇ ਹਨ, ਅਤੇ ਕਿਰਾਏਦਰੀ ਦੇ ਰਿਕਾਰਡਾਂ ਵਿਚਲੇ ਪਤੇ ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਰਿਹਾਇਸ਼ੀ ਪਤਿਆਂ ਨਾਲ ਮੇਲ ਖਾਂਦੇ ਹਨ, ਅਜਿਹੇ ਵਿਅਕਤੀਆਂ ਲਈ ਪਤੇ ਦੇ ਸਬੂਤ ਦੀ ਲੋੜ ਤੋਂ ਛੋਟ ਦਿੱਤੀ ਜਾ ਸਕਦੀ ਹੈ।

ਹਾਲਾਂਕਿ ਹੋਮ ਓਨਰਸ਼ਿਪ ਸਕੀਮ, ਗ੍ਰੀਨ ਫਾਰਮ ਸਬਸਿਡੀ ਵਾਲੀ ਹੋਮ ਓਨਰਸ਼ਿਪ ਸਕੀਮ ਜਾਂ ਜਨਤਕ ਰਿਹਾਇਸ਼ੀ ਇਕਾਈਆਂ ਜੋ ਵੇਚੀਆਂ ਗਈਆਂ ਹਨ (ਉਦਾਹਰਣ ਵਜੋਂ ਕਿਰਾਏਦਾਰ ਖਰੀਦ ਸਕੀਮ ਅਧੀਨ ਫਲੈਟ) ਅਧੀਨ ਰਿਹਾਇਸ਼ੀ ਇਕਾਈਆਂ ਦੇ ਨਿਵਾਸੀ ਛੋਟ ਦੇ ਦਾਇਰੇ ਤੋਂ ਬਾਹਰ ਹਨ ਅਤੇ ਸਬੰਧਿਤ ਵੋਟਰਾਂ/ਬਿਨੈਕਾਰਾਂ ਨੂੰ ਵੈਧ ਪਤੇ ਦੇ ਸਬੂਤ ਪ੍ਰਦਾਨ ਕਰਨੇ ਚਾਹੀਦੇ ਹਨ।

ਅਜਿਹੇ ਮਾਮਲਿਆਂ ਲਈ ਜਿੱਥੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਸਬੰਧਿਤ ਵਿਭਾਗ/ਸੰਸਥਾ ਦੇ ਨਾਲ ਮੇਲ ਖਾਂਦੇ ਡੇਟਾ ਵਿੱਚ ਆਪਣੇ ਪਤੇ ਦੀ ਜਾਣਕਾਰੀ ਦੀ ਜਾਂਚ ਨਹੀਂ ਕਰ ਸਕਦਾ ਹੈ, ਚੋਣਕਾਰ ਰਜਿਸਟ੍ਰੇਸ਼ਨ ਅਫਸਰ ਉਸ ਨੂੰ ਚੋਣਕਾਰ ਮਾਮਲੇ ਕਮਿਸ਼ਨ (ਵੋਟਰਾਂ ਦੀ ਰਜਿਸਟ੍ਰੇਸ਼ਨ) (ਵਿਧਾਨ ਪਰਿਸ਼ਦ ਭੂਗੋਲਿਕ ਚੋਣ ਖੇਤਰ) (ਜ਼ਿਲ੍ਹਾ ਪਰਿਸ਼ਦ ਚੋਣ ਖੇਤਰ) ਰੈਗੂਲੇਸ਼ਨ (ਕੈਪ 541A) ਦੀ ਧਾਰਾ 4 ਅਤੇ 10A ਦੇ ਤਹਿਤ ਨਵੇਂ ਵੋਟਰ ਰਜਿਸਟ੍ਰੇਸ਼ਨ ਜਾਂ ਰਜਿਸਟਰਡ ਪਤੇ ਨੂੰ ਬਦਲਣ ਲਈ ਅਰਜ਼ੀ ਦੇਣ ਵੇਲੇ ਪਤੇ ਦਾ ਸਬੂਤ ਪ੍ਰਦਾਨ

ਕਰਨ ਲਈ ਬੇਨਤੀ ਕਰ ਸਕਦਾ/ਸਕਦੀ ਹੈ।

ਸਿਖਰ ਵੱਲ ਵਾਪਸ ਜਾਓ

ਪ੍ਰ 14: ਜੇਕਰ ਮੈਂ ਜਾਣਦਾ ਹਾਂ ਕਿ ਕੋਈ ਮਤਦਾਤਾ ਰਜਿਸਟ੍ਰੇਸ਼ਨ ਲਈ ਗਲਤ ਜਾਣਕਾਰੀ ਪ੍ਰਦਾਨ ਕਰਦਾ ਹੈ, ਤਾਂ ਮੈਂ ਸਰਕਾਰੀ ਵਿਭਾਗਾਂ ਨੂੰ ਕਿਵੇਂ ਸੂਚਿਤ ਕਰਾਂ?

ਉੱ14: ਮਤਦਾਨ ਰਜਿਸਟ੍ਰੇਸ਼ਨ ਦਾ ਮੌਜੂਦਾ ਪ੍ਰਬੰਧ ਵਿਅਕਤੀਆਂ ਨੂੰ ਰਜਿਸਟਰ ਕਰਨ ਦੀ ਸਹੂਲਤ ਪ੍ਰਦਾਨ ਕਰਨ ਲਈ ਇਮਾਨਦਾਰੀ ਨਾਲ ਜਮਾਂ ਕਰਵਾਉਣ ਦੀ ਇੱਕ ਵਿਧੀ 'ਤੇ ਨਿਰਭਰ ਕਰਦਾ ਹੈ। ਰਜਿਸਟ੍ਰੇਸ਼ਨ ਲਈ ਯੋਗ ਵਿਅਕਤੀਆਂ ਜਾਂ ਰਜਿਸਟਰਡ ਮਤਦਾਤਾ ਨੂੰ ਰਜਿਸਟ੍ਰੇਸ਼ਨ ਕਰਨ ਜਾਂ ਰਜਿਸਟ੍ਰੇਸ਼ਨ ਵੇਰਵਿਆਂ ਵਿਚ ਤਬਦੀਲੀ ਕਰਨ ਸਮੇਂ ਸੱਚੀ ਅਤੇ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਜਨਤਕ ਮੈਬਰਾਂ ਨੂੰ ਕੋਈ ਸ਼ੱਕੀ ਕੇਸ ਨਜ਼ਰ ਆਵੇ, ਤਾਂ ਉਹ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਕੋਲ ਸ਼ਿਕਾਇਤ ਦਰਜ਼ ਕਰਵਾ ਸਕਦੇ ਹਨ, ਜੋ ਤੁਰੰਤ ਪੈਰਵਾਈ ਕਰਨਗੇ ਅਤੇ ਕੇਸਾਂ ਨੂੰ ਉਚਿਤ ਜਾਂਚ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਭੇਜਣਗੇ। ਆਮ ਜਨਤਾ ਨੂੰ ਕਾਨੂੰਨਾਂ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

ਸਿਖਰ ਵੱਲ ਵਾਪਸ ਜਾਓ

ਪ੍ਰ15: ਜੇਕਰ ਕੋਈ ਵਿਅਕਤੀ ਵੋਟਰ ਰਜਿਸਟ੍ਰੇਸ਼ਨ ਲਈ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੂੰ ਇੱਕ ਝੂਠਾ ਰਿਹਾਇਸ਼ੀ ਪਤਾ ਪ੍ਰਦਾਨ ਕਰਦਾ ਹੈ, ਜਾਂ ਨਵੇਂ ਵੋਟਰ ਰਜਿਸਟ੍ਰੇਸ਼ਨ ਜਾਂ ਰਜਿਸਟਰਡ ਪਤੇ ਨੂੰ ਬਦਲਣ ਲਈ ਅਰਜ਼ੀ ਦੇਣ ਵੇਲੇ ਇੱਕ ਧੋਖਾਧੜੀ ਵਾਲਾ ਪਤੇ ਦਾ ਸਬੂਤ ਦਸਤਾਵੇਜ਼ ਪ੍ਰਦਾਨ ਕਰਦਾ ਹੈ, ਅਤੇ ਬਾਅਦ ਵਿੱਚ ਕਿਸੇ ਚੋਣ ਵਿੱਚ ਵੋਟ ਦਿੰਦਾ ਹੈ, ਤਾਂ ਉਹ ਕਿਹੜੇ ਨਿਯਮ ਦੀ ਉਲੰਘਣਾ ਕਰੇਗਾ?

ਉੱ15: ਕੋਈ ਵਿਅਕਤੀ ਜੋ ਜਾਣਬੁੱਝ ਕੇ ਜਾਂ ਲਾਪਰਵਾਹੀ ਨਾਲ ਰਜਿਸਟਰੇਸ਼ਨ ਅਤੇ ਚੋਣ ਦਫ਼ਤਰ ਨੂੰ ਝੂਠੀ ਜਾਂ ਗੁਮਰਾਹ ਕਰਨ ਵਾਲੀ ਜਾਣਕਾਰੀ (ਉਦਾਹਰਨ ਲਈ ਗਲਤ ਰਿਹਾਇਸ਼ੀ ਪਤਾ) ਦਿੰਦਾ ਹੈ, ਕੋਈ ਫਰਕ ਨਹੀਂ ਕਿ ਉਹ ਵਿਅਕਤੀ ਕਿਸੇ ਚੋਣ ਵਿੱਚ ਵੋਟ ਪਾਉਂਦਾ ਹੈ ਜਾਂ ਨਹੀਂ, ਕਾਨੂੰਨ ਦੇ ਤਹਿਤ ਅਪਰਾਧ ਕਰਦਾ ਹੈ। ਜੇ ਵਿਅਕਤੀ ਬਾਅਦ ਵਿੱਚ ਕਿਸੇ ਚੋਣ ਵਿੱਚ ਵੋਟ ਪਾਉਂਦਾ ਹੈ, ਤਾਂ ਉਹ ਚੋਣ (ਭ੍ਰਿਸ਼ਟ ਅਤੇ ਗੈਰਕਾਨੂੰਨੀ ਵਿਹਾਰ) ਅਧਿਆਦੇਸ਼ (ਕੈਪ. 554) ਦੀ ਧਾਰਾ 16 ਦੀ ਉਲੰਘਣਾ ਕਰੇਗਾ/ਗੀ, ਜੋ ਕਿ ਭ੍ਰਿਸ਼ਟਾਚਾਰ ਵਿਰੁੱਧ ਸੁਤੰਤਰ ਕਮਿਸ਼ਨ ਦੁਆਰਾ ਲਾਗੂ ਕੀਤਾ ਗਿਆ ਹੈ। ਵੱਧ ਤੋਂ ਵੱਧ ਜ਼ੁਰਮਾਨਾ 500,000 ਡਾਲਰ ਦਾ ਜੁਰਮਾਨਾ ਅਤੇ 7 ਸਾਲ ਦੀ ਕੈਦ ਹੈ।

ਇਸ ਤੋਂ ਇਲਾਵਾ, ਜੇ ਕੋਈ ਮਤਦਾਤਾ ਇਸ ਇਰਾਦੇ ਨਾਲ ਇੱਕ ਧੋਖਾਧੜੀ ਵਾਲਾ ਪਤੇ ਦਾ ਸਬੂਤ ਪੇਸ਼ ਕਰਦਾ ਹੈ ਜਾਂ ਪ੍ਰਦਾਨ ਕਰਦਾ ਹੈ ਕਿ ਚੋਣ ਰਜਿਸਟ੍ਰੇਸ਼ਨ ਅਫਸਰ ਇਸਨੂੰ ਪਤੇ ਦੇ ਵੈਧ ਸਬੂਤ ਵਜੋਂ ਸਵੀਕਾਰ ਕਰੇਗਾ, ਤਾਂ ਉਸਨੇ ਜਾਲਸਾਜੀ ਦਾ ਅਪਰਾਧ ਕੀਤਾ ਹੈ। ਅਪਰਾਧ ਅਧਿਆਦੇਸ਼ (ਕੈਪ 200) ਦੀ ਧਾਰਾ 71 ਦੇ ਅਨੁਸਾਰ, ਇੱਕ ਵਿਅਕਤੀ ਜੋ ਜਾਲਸਾਜੀ ਦਾ ਅਪਰਾਧ ਕਰਦਾ ਹੈ, ਦੋਸ਼-ਪੱਤਰ 'ਤੇ ਦੋਸ਼ੀ ਠਹਿਰਾਏ ਜਾਣ 'ਤੇ 14 ਸਾਲ ਦੀ ਕੈਦ ਦੀ ਸਜ਼ਾ ਦਾ ਭਾਗੀ ਹੁੰਦਾ ਹੈ।

ਸਿਖਰ ਵੱਲ ਵਾਪਸ ਜਾਓ

ਪ੍ਰ16: ਮੈਂ ਮੇਨਲੈਂਡ ਤੋਂ ਨਵਾਂ ਆਇਆ ਹਾਂ। ਕੀ ਮੈਂ ਇੱਕ ਚੋਣਕਾਰ ਦੇ ਤੌਰ 'ਤੇ ਰਜਿਸਟਰ ਕਰ ਸਕਦਾ/ਸਕਦੀ ਹਾਂ?

ਉੱ16: 18 ਸਾਲ ਜਾਂ ਇਸਤੋਂ ਵੱਧ ਉਮਰ ਦੇ ਹਾਂਗਕਾਂਗ ਦੇ ਸਾਰੇ ਸਥਾਈ ਵਸਨੀਕ ਜੋ ਸਧਾਰਨ ਤੌਰ 'ਤੇ ਹਾਂਗਕਾਂਗ ਵਿੱਚ ਰਹਿੰਦੇ ਹਨ, ਇੱਕ ਮਤਦਾਤਾ ਵਜੋਂ ਰਜਿਸਟਰੇਸ਼ਨ ਲਈ ਅਰਜ਼ੀ ਦੇ ਸਕਦੇ ਹਨ।

ਸਿਖਰ ਵੱਲ ਵਾਪਸ ਜਾਓ

ਪ੍ਰ17: ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮਤਦਾਤਾਵਾਂ ਦੇ ਰਜਿਸਟਰ ਵਿੱਚ ਮੇਰੇ ਰਿਕਾਰਡ ਸਹੀ ਢੰਗ ਨਾਲ ਦਰਜ ਕੀਤੇ ਗਏ ਹਨ?

ਉੱ17: ਰਜਿਸਟਰ ਮਤਦਾਤਾ ਆਨਲਾਈਨ ਮਤਦਾਤਾ ਜਾਣਕਾਰੀ ਪੁੱਛਗਿੱਛ ਪ੍ਰਣਾਲੀ (www.voterinfo.gov.hk) ਰਾਹੀਂ ਜਾਂ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਦੀ ਹੌਟਲਾਈਨ 2891 1001 'ਤੇ ਕਾੱਲ ਕਰਕੇ ਆਪਣੇ ਨਵੀਨਤਮ ਵੇਰਵਿਆਂ ਦੀ ਜਾਣਕਾਰੀ ਲੈ ਸਕਦੇ ਹਨ।

ਸਿਖਰ ਵੱਲ ਵਾਪਸ ਜਾਓ

ਪ੍ਰ18: ਕੀ ਮੇਰੇ ਨਿੱਜੀ ਡੇਟਾ ਦੀ ਸੰਭਾਵਿਤ ਦੁਰਵਰਤੋਂ ਦੇ ਵਿਰੁੱਧ ਰੱਖਿਆ ਲਈ ਕੋਈ ਪ੍ਰਬੰਧ ਕੀਤੇ ਗਏ ਹਨ?

ਉੱ18: ਤੁਸੀਂ ਨਿਸ਼ਚਿਤ ਹੋਵੋ ਕਿ ਕਿਸੇ ਮਤਦਾਤਾ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਵਰਤੋਂ ਕੇਵਲ ਮਤਦਾਤਾ ਰਜਿਸਟ੍ਰੇਸ਼ਨ ਅਤੇ ਚੋਣਾਂ ਨਾਲ ਸਬੰਧਿਤ ਉਦੇਸ਼ਾਂ ਲਈ ਕੀਤੀ ਜਾਵੇਗੀ। ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੇ ਇਹ ਸੁਨਿਸ਼ਚਿਤ ਕਰਨ ਲਈ ਹਰ ਸੰਭਵ ਢੰਗ ਅਪਣਾਏ ਹਨ ਕਿ ਅਜਿਹੇ ਅੰਕੜਿਆਂ ਦੀ ਦੁਰਵਰਤੋਂ ਨਹੀਂ ਕੀਤੀ ਜਾਵੇਗੀ। ਸਬੰਧਿਤ ਚੋਣ ਅਧਿਨਿਯਮ ਦੇ ਅਨੁਸਾਰ, ਵੋਟਰਾਂ ਦੇ ਰਜਿਸਟਰਾਂ ਨੂੰ ਕੇਵਲ ਨਿਰਧਾਰਿਤ ਵਿਅਕਤੀਆਂ ਦੁਆਰਾ ਨਿਰੀਖਣ ਲਈ ਉਪਲਬਧ ਕਰਵਾਇਆ ਜਾਵੇਗਾ। ਕਿਸੇ ਚੋਣ ਨਾਲ ਸਬੰਧਿਤ ਉਦੇਸ਼ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਕਿਸੇ ਰਜਿਸਟਰ 'ਤੇ ਕਿਸੇ ਵੀ ਜਾਣਕਾਰੀ ਦੀ ਵਰਤੋਂ ਕਰਨਾ ਸਬੰਧਿਤ ਚੋਣ ਅਧਿਨਿਯਮ ਤਹਿਤ ਇੱਕ ਅਪਰਾਧ ਹੈ, ਅਤੇ ਇਸ ਲਈ ਪੱਧਰ 2 'ਤੇ ਜੁਰਮਾਨਾ ਅਤੇ 6 ਮਹੀਨਿਆਂ ਦੀ ਕੈਦ ਦੀ ਜਵਾਬਦੇਹੀ ਹੈ।

ਸਿਖਰ ਵੱਲ ਵਾਪਸ ਜਾਓ

ਪ੍ਰ19: ਮੈਂ ਨਵੇਂ ਮਤਦਾਤਾ ਰਜਿਸਟ੍ਰੇਸ਼ਨ/ ਰਜਿਸਟ੍ਰੇਸ਼ਨ ਵੇਰਵਿਆਂ ਵਿੱਚ ਤਬਦੀਲੀ ਲਈ ਇੱਕ ਅਰਜ਼ੀ ਦਿੱਤੀ ਹੈ। ਮੈਨੂੰ ਕਿਵੇਂ ਪਤਾ ਚੱਲੇਗਾ ਕਿ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੇ ਮੇਰੀ ਅਰਜ਼ੀ 'ਤੇ ਕਾਰਵਾਈ ਕੀਤੀ ਹੈ?

ਉੱ19: ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨਵੇਂ ਮਤਦਾਤਾ ਰਜਿਸਟ੍ਰੇਸ਼ਨ ਜਾਂ ਵੇਰਵਿਆਂ ਵਿੱਚ ਤਬਦੀਲੀ ਲਈ ਅਰਜ਼ੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਡਾਕ ਰਾਹੀਂ ਲਿਖਤੀ ਰਜਿਸਟ੍ਰੇਸ਼ਨ ਨੋਟਿਸ ਜਾਰੀ ਕਰੇਗਾ। ਲਿਖਤੀ ਰਜਿਸਟ੍ਰੇਸ਼ਨ ਨੋਟਿਸਾਂ ਤੋਂ ਇਲਾਵਾ, ਵੋਟਰਾਂ

ਨੂੰ SMS/ਈਮੇਲ ਦੁਆਰਾ ਵੀ ਸੂਚਿਤ ਕੀਤਾ ਜਾਵੇਗਾ (ਜੇ ਮਤਦਾਤਾ ਨੇ ਅਜਿਹੀ ਜਾਣਕਾਰੀ ਪ੍ਰਦਾਨ ਕੀਤੀ ਹੈ)। ਮਤਦਾਤਾ ਆਪਣੇ ਖੁਦ ਦੇ ਰਿਕਾਰਡ ਦੀ ਜਾਂਚ ਕਰਨ ਲਈ www.voterinfo.gov.hk ਰਾਹੀਂ "ਆਨਲਾਈਨ ਮਤਦਾਤਾ ਜਾਣਕਾਰੀ ਪੁੱਛਗਿੱਛ ਪ੍ਰਣਾਲੀ" ਵਿੱਚ ਵੀ ਲੌਗਇਨ ਕਰ ਸਕਦੇ ਹਨ।

ਸਿਖਰ ਵੱਲ ਵਾਪਸ ਜਾਓ

ਪ੍ਰ20: ਜੇ ਮਤਦਾਤਾ ਰਜਿਸਟ੍ਰੇਸ਼ਨ ਬਾਰੇ ਮੇਰੇ ਹੋਰ ਸਵਾਲ ਹੋਣ ਤਾਂ ਮੈਨੂੰ ਮਦਦ ਲਈ ਕਿਹੜੇ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਉੱ20: ਪੁੱਛਗਿੱਛ ਲਈ, ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਦੀ ਹੌਟਲਾਈਨ ਨੂੰ 2891 1001 'ਤੇ ਕਾਲ ਕਰਨ ਜਾਂ ਵਧੇਰੇ ਜਾਣਕਾਰੀ ਲਈ ਸਾਨੂੰ reoenq@reo.gov.hk 'ਤੇ ਈਮੇਲ ਕਰਨ ਲਈ ਤੁਹਾਡਾ ਸਵਾਗਤ ਹੈ।

ਸਿਖਰ ਵੱਲ ਵਾਪਸ ਜਾਓ

2007 © | Important Notices | Privacy Policy
Last revision date: 13 February 2023